Australian Government
Department of Social Services



# ਛੋਟੀ ਉਮਰ ਵਿੱਚ ਜਾਂ ਜਬਰਦਸਤੀ ਕੀਤਾ ਗਿਆ ਵਿਆਹ

## ਔਸਟਰੇਲਿਆ ਵਿੱਚ ਕਿਸੇ ਨੂੰ ਵੀ ਵਿਆਹ ਕਰਾਉਣ ਲਈ ਜਬਰਦਸਤੀ ਕਰਨਾ ਇੱਕ ਗੰਭੀਰ ਅਪਰਾਧ ਹੈ।

ਔਸਟਰੇਲਿਆ ਵਿੱਚ ਲੋਕਾਂ ਨੂੰ ਇਹ ਚੋਣ ਕਰਨ ਦਾ ਅਧਿਕਾਰ ਹੈ ਕੀ ਵਿਆਹ ਕੀਤਾ ਜਾਵੇ ਜਾਂ ਨਾ। ਆਮ ਤੌਰ ਤੇ, ਕਨੂੰਨੀ ਤੌਰ ਤੇ ਵਿਆਹ ਕਰਨ ਦੇ ਲਈ, ਇੱਕ ਵਿਅਕਤੀ ਨੂੰ 18 ਸਾਲ ਦੀ ਉਮਰ ਤੋਂ ਉੱਪਰ ਹੋਣਾ ਜਰੂਰੀ ਹੈ। ਕੁਝ ਹਾਲਾਤਾਂ ਵਿੱਚ, 16 ਸਾਲ ਦੀ ਉਮਰ ਦਾ ਕੋਈ ਵਿਅਕਤੀ ਵਿਆਹ ਕਰਵਾ ਸਕਦਾ ਹੈ, ਪਰ ਉਸਦੇ ਲਈ ਅਦਾਲਤ ਵੱਲੋਂ ਹੁਕਮ ਦੀ ਲੋੜ ਹੁੰਦੀ ਹੈ।

ਵਿਆਹ ਵਾਸਤੇ ਇੱਕ ਵਿਅਕਤੀ ਦੀ ਸਹਿਮਤੀ ਹੋਣਾ ਜ਼ਰੂਰੀ ਹੈ। ਇਹ ਜ਼ਬਰਦਸਤੀ ਜਾਂ ਧੋਖੇ ਨਾਲ ਨਹੀਂ ਕੀਤਾ ਜਾਣਾ ਚਾਹੀਦਾ।

ਮਾਤਾ ਪਿਤਾ ਵੱਲੋਂ ਕੀਤਾ ਗਿਆ ਵਿਆਹ (arranged marriage), ਜਿਸ ਵਿੱਚ ਦੋਵੇਂ ਲੋਕ ਸੁਤੰਤਰ ਸਹਿਮਤੀ ਨਾਲ ਵਿਆਹ ਕਰਨ ਲਈ ਤਿਆਰ ਹੁੰਦੇ ਹਨ, ਜ਼ਬਰਦਸਤੀ ਕੀਤੇ ਗਏ ਵਿਆਹ (forced marriage) ਨਾਲੋਂ ਅਲਗ ਹੈ। ਔਸਟਰੇਲਿਆ ਵਿੱਚ arranged marriage ਕਨੂੰਨੀ ਹਨ।

ਜੇਕਰ ਤੁਸੀਂ ਜਾਂ ਕੋਈ ਐਸਾ ਵਿਅਕਤੀ ਜਿਸ ਨੂੰ ਤੁਸੀਂ ਜਾਣਦੇ ਹੋ ਖਤਰੇ ਵਿੱਚ ਹੈ, ਤਾਂ ਪੁਲਿਸ ਨੂੰ **000** ‘ਤੇ ਸੰਪਰਕ ਕਰੋ।
ਔਸਟਰੇਲਿਆ ਵਿੱਚ ਪੁਲਿਸ ਤੁਹਾਡੀ ਰਖਵਾਲੀ ਕਰਦੀ ਹੈ ਅਤੇ ਤੁਸੀਂ ਉਹਨਾਂ ਤੇ ਵਿਸ਼ਵਾਸ ਕਰ ਸਕਦੇ ਹੋ।

ਮੁਫ਼ਤ ਵਿੱਚ ਅਤੇ ਗੁਪਤ ਤੌਰ ਤੇ ਸਲਾਹ-ਸਹਿਯੋਗ ਅਤੇ ਜਾਣਕਾਰੀ ਲੈਣ ਦੇ ਲਈ 1800 RESPECT ਨੂੰ **1800 737 732** ਤੇ ਸੰਪਰਕ ਕਰੋ।

ਮੁਫ਼ਤ ਵਿੱਚ ਦੁਭਾਸ਼ਿਏ (interpreter) ਰਾਹੀਂ ਗੱਲ ਕਰਣ ਲਈ **131 450** ਤੇ ਸੰਪਰਕ ਕਰੋ।

## ਜ਼ਬਰਦਸਤੀ ਵਿਆਹ ਕਰਵਾਓਣ ਦੇ ਲਈ ਕਿਸੀ ਨੂੰ ਬਾਹਰਲੇ ਮੁਲਕ ਲੈ ਕੇ ਜਾਣਾ ਜਾਂ ਭੇਜਣਾ ਜਾਂ ਕਿਸੇ ਦੇ ਰਾਹੀਂ ਇਹ ਸਬ ਕਰਵਾਉਣਾ ਗੈਰ-ਕਨੂੰਨੀ ਹੈ।

ਜ਼ਬਰਦਸਤੀ ਕੀਤੀ ਗਈ ਜਾਂ ਛੋਟੀ ਉਮਰ ਵਿੱਚ ਕੀਤੀ ਗਈ ਸ਼ਾਦੀ ਨੂੰ ਕਈ ਵਾਰ, ਮਰਜ਼ੀ ਦੇ ਵਿਰੁੱਧ ਲੋਕਾਂ ਨੂੰ ਕਿਸੇ ਹੋਰ ਮੁਲਕ ਵਿੱਚ ਜਾਂ ਸਰਹੱਦ ਤੋਂ ਪਾਰ ਭੇਜਣ ਨਾਲ ਜੋੜਿਆ ਜਾਂਦਾ ਹੈ, ਅਤੇ ਇਹ ਗੈਰ ਕਨੂੰਨੀ ਹੈ।

## ਕੀ ਤੁਸੀਂ ਜਾਂ ਕੋਈ ਐਸਾ ਜਿਸ ਨੂੰ ਤੁਸੀਂ ਜਾਣਦੇ ਹੋ, ਖਤਰੇ ਵਿੱਚ ਹੈ?

ਔਸਟਰੇਲਿਅਨ ਫੈਡਰਲ ਪੁਲਿਸ (**Australian Federal Police** (AFP)) ਨੂੰ **131 237** ਤੇ ਸੰਪਰਕ ਕਰੋ। AFP ਸ਼ੁਰੂਆਤੀ ਸਲਾਹ ਮੁਹਇਆ ਕਰਵਾ ਸਕਦੀ ਹੈ ਅਤੇ ਛੋਟੀ ਉਮਰ ਵਿੱਚ ਅਤੇ ਜ਼ਬਰਦਸਤੀ ਕੀਤੇ ਗਏ ਵਿਆਹਾਂ ਦੇ ਜਾਂ ਮਨੁੱਖੀ ਤਸਕਰੀ ਦੇ ਪੀੜੀਤਾਂ ਨੂੰ ਸਹਿਯੋਗ, ਜਿਸ ਵਿੱਚ ਰਹਿਣ ਦੀ ਜਗ੍ਹਾ ਸ਼ਾਮਿਲ ਹੈ, ਪੈਸੇ ਵੱਲੋਂ ਮਦਦ, ਸਲਾਹ-ਮਸ਼ਵਰਾ ਅਤੇ ਕਨੂੰਨੀ ਸਲਾਹ ਪ੍ਰਦਾਨ ਕਰਦੇ ਹਨ।

ਵਧੇਰੀ ਜਾਣਕਾਰੀ ਲਈ AFP ਦੀ ਵੈਬਸਾਈਟ ਇਸ ਲਿੰਕ ਰਾਹੀਂ ਵੇਖੋ **www.afp.gov.au**.

## ਔਸਟਰੇਲਿਆ ਵਿੱਚ ਹੋਰ ਵੀ ਸੇਵਾਵਾਂ ਹਨ ਜੋ ਮਦਦ ਕਰ ਸਕਦੀਆਂ ਹਨ।

1800 RESPECT ਔਸਟਰੇਲਿਆ ਦੀ ਰਾਸ਼ਟਰੀ ਯੌਨ ਉਤਪੀੜਨ, ਪਰਿਵਾਰਕ ਅਤੇ ਘਰੇਲੂ ਹਿੰਸਾ ਦੀ ਸਲਾਹ ਸਹਿਯੋਗ ਸੇਵਾ (Australia’s National Sexual Assault, Family and Domestic Violence Counselling service)ਹੈ। ਇਹ ਸੇਵਾ ਗੁਪਤ ਤੌਰ ‘ਤੇ ਫੋਨ ਰਾਹੀਂ ਜਾਂ ਆਨਲਾਇਨ, ਜਾਣਕਾਰੀ ਅਤੇ ਸਲਾਹ ਸਹਿਯੋਗ ਮੁਫ਼ਤ ਵਿੱਚ ਪ੍ਰਦਾਨ ਕਰਾਉਂਦੀ ਹੈ। ਸਲਾਹ ਸਹਿਯੋਗੀ ਤੁਹਾਡੀ ਗੱਲ ਸੁਣਨਗੇ, ਤੁਹਾਡੇ ਸਵਾਲਾਂ ਦਾ ਜਵਾਬ ਦੇਣਗੇ ਅਤੇ ਤੁਹਾਡੇ ਆਸ ਪਾਸ ਦੀਆਂ ਹੋਰ ਸਹਿਯੋਗੀ ਸੇਵਾਵਾਂ ਕੋਲ ਜਾਣ ਬਾਰੇ ਵੀ ਸਲਾਹ ਦੇ ਸਕਦੇ ਹਨ।

**1800 737 732** ‘ਤੇ ਫੋਨ ਕਰੋ ਜਾਂ 1800 RESPECT ਦੀ ਵੈਬਸਾਇਟ ਤੇ ਜਾਓ **www.1800RESPECT.org.au**.



## ਕੀ ਤੁਹਾਨੂੰ ਦੁਭਾਸ਼ਿਏ ਦੀ ਲੋੜ ਹੈ?

ਅਨੁਵਾਦ ਅਤੇ ਦੁਭਾਸ਼ਿਆ ਸੇਵਾ (**Translating and Interpreting Service** (TIS) )ਨਾਲ **131 450** ਤੇ ਮੁਫ਼ਤ ਵਿੱਚ ਗੱਲ ਕਰੋ। TIS ਹੋਰ ਸੇਵਾਵਾਂ ਨਾਲ ਗੱਲ ਕਰਾਉਣ ਵਿੱਚ ਵੀ ਤੁਹਾਡੀ ਮਦਦ ਕਰ ਸਕਦਾ ਹੈ। TIS ਸਲਾਹ ਸਹਿਯੋਗ ਪ੍ਰਦਾਨ ਨਹੀਂ ਕਰਦਾ ਹੈ।

## ਜ਼ਬਰਦਸਤੀ ਕੀਤੇ ਗਏ ਵਿਆਹ ਅਤੇ ਮਾਨਵ ਤਸਕਰੀ ਨਾਲ ਜੁੜੀ ਹੋਰ ਜਾਣਕਾਰੀ ਲੈਣ ਲਈ:

ਅਟੌਰਨੀ ਜਨਰਲ ਵਿਭਾਗ (Attorney-General’s Department) ਦੀ ਵੈਬਸਾਇਟ **www.ag.gov.au** ਤੇਜਾਓ।